COVID-19 VACCINATION

NSW GOVERNMENT

# LET'S DO THIS – Punjabi

# (5-11 ਸਾਲ ਦੀ ਉਮਰ) ਦੇ ਬੱਚਿਆਂ ਲਈ COVID-19 ਟੀਕਾਕਰਨ

ਹੁਣੇ ਹੀ ਬੁੱਕ ਕਰੋ

## 5-11 ਸਾਲ ਦੀ ਉਮਰ ਦੇ ਬੱਚਿਆਂ ਲਈ COVID-19 ਵਿਰੁਧ ਟੀਕਾਕਰਨ ਕਰਾਉਣਾ ਕਿਉਂ ਜ਼ਰੂਰੀ ਹੈ?

COVID-19 ਇੱਕ ਵਾਇਰਸ ਹੈ ਜੋ ਗੰਭੀਰ ਬਿਮਾਰੀ ਅਤੇ ਮੌਤ ਦਾ ਕਾਰਣ ਬਣ ਸਕਦਾ ਕੈ, ਅਤੇ ਨਾਲ ਹੀ ਲੰਬੇ ਸਮੇਂ ਲਈ ਕੁੱਝ ਹੋਰ ਸਿਹਤ ਸਮੱਸਿਆਵਾਂ ਲਈ ਵੀ। ਇਹ ਲੋਕਾਂ ਵਿੱਚ ਬਹੁਤ ਆਸਾਨੀ ਨਾਲ ਫੈਲ ਸਕਦਾ ਹੈ ਅਤੇ ਕਈ ਵਾਰ ਲੱਛਣ ਕੁੱਝ ਘੱਟ ਜਾਂ ਨਹੀਂ ਵੀ ਹੁੰਦੇ ਹਨ ਜਿਸ ਨਾਲ ਇਹ ਜਾਣਨਾ ਮੁਸ਼ਕਲ ਹੋ ਸਕਦਾ ਹੈ ਕਿ ਤੁਸੀਂ ਇਸ ਨੂੰ ਦੂਜਿਆਂ ਤੱਕ ਪਹੁੰਚਾਉਣ ਤੋਂ ਪਹਿਲਾਂ ਕੀ ਆਪ ਸੰਕਰਮਿਤ ਹੋ।

ਭਾਂਵੇਂ ਕਿ ਬੱਚਿਆਂ ਵਿੱਚ COVID-19 ਦੀ ਲਾਗ ਅਕਸਰ ਬਾਲਗਾਂ ਦੇ ਮੁਕਾਬਲੇ ਘੱਟ ਤੀਬਰ ਹੁੰਦੀ ਹੈ, ਪਰ ਬੱਚਿਆਂ ਨੂੰ ਟੀਕਾਕਰਨ ਦਾ ਸਮਰਥਨ ਕਰਨ ਦੇ ਠੋਸ ਕਾਰਨ ਹਨ:

- ਟੀਕੇ ਇਮਯੂਨ ਸਿਸਟਮ ਲਈ ਮਦਦਗਾਰ ਹੁੰਦੇ ਹਨ। ਆਪਣੇ ਬੱਚੇ ਦਾ ਟੀਕਾਕਰਨ ਕਰਵਾ ਕੇ ਤੁਸੀਂ ਉਨ੍ਹਾਂ ਨੂੰ COVID-19 ਤੋਂ ਹੋਣ ਵਾਲੀਆਂ ਹੋਰਨਾਂ ਗੰਭੀਰ ਬਿਮਾਰੀਆਂ ਤੋਂ ਅਤੇ ਹੋਰਨਾਂ ਸ਼ੰਭਾਵਿਤ ਲੰਬੇ ਸਮੇਂ ਦੇ ਪ੍ਰਭਾਵਾਂ ਤੋਂ ਬਚਾਉਣ ਵਿੱਚ ਮਦਦ ਕਰ ਸਕਦੇ ਹੋ।
- ਟੀਕਾਕਰਨ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਕੇ ਹਰੇਕ ਉਮਰ ਦੇ ਕਮਜ਼ੋਰ ਲੋਕਾਂ ਜਿਵੇਂ ਕਿ ਦੋਸਤਾਂ, ਪਰਿਵਾਰ ਅਤੇ ਭਾਈਚਾਰੇ ਦੀ ਰੱਖਿਆ ਕਰਨ ਵਿੱਚ ਸਹਾਇਕ ਹੁੰਦਾ ਹੈ।
- ਟੀਕਾਕਰਨ ਬੱਚਿਆਂ ਨੂੰ ਸਕੂਲ ਵਿੱਚ ਰੱਖਣ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਿੱਚ ਮਦਦ ਕਰਦਾ ਹੈ ਜੋ ਉਹਨਾਂ ਦੇ ਸਿੱਖਣ ਅਤੇ ਵਿਕਾਸ ਲਈ ਮਹੱਤਵਪੂਰਨ ਹਨ।

ਦੁਨੀਆਂ ਭਰ ਦੇ ਲੱਖਾਂ ਬੱਚਿਆਂ ਨੂੰ ਪਹਿਲਾਂ ਹੀ COVID-19 ਦੇ ਵਿਰੁਧ ਸੁਰੱਖਿਅਤ ਰੂਪ ਨਾਲ ਟੀਕਾਕਰਨ ਕੀਤਾ ਜਾ ਚੁੱਕਾ ਹੈ। ਸਬੂਤ ਦੱਸਦੇ ਹਨ ਕਿ ਟੀਕਾਕਰਨ ਬੱਚਿਆਂ ਵਿੱਚ COVID-19 ਤੋਂ ਗੰਭੀਰ ਬਿਮਾਰੀ ਦੇ ਵਿਰੁਧ ਸ਼ਾਨਦਾਰ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਣ ਵਿੱਚ ਮਦਦ ਕਰਦਾ ਹੈ।

## ਕੀ ਬੱਚਿਆਂ ਨੂੰ ਵੀ ਬਾਲਗਾਂ ਵਾਲੀਆਂ ਹੀ ਟੀਕੇ ਅਤੇ ਖੁਰਾਕਾਂ ਮਿਲਦੀਆਂ ਹਨ?

**ਨਹੀਂ।** 5–11 ਸਾਲ ਦੀ ਉਮਰ ਦੇ ਬੱਚਿਆਂ ਲਈ ਪ੍ਰਵਾਨਿਤ ਟੀਕਾ ਇੱਕ ਵਿਸ਼ੇਸ਼ Pfizer Comirnaly) ਬਾਲ ਚਿਕਿਤਸਕ ਵੈਕਸੀਨ ਹੈ, ਜਿਸ ਦੀਆਂ ਦੋ ਖੁਰਾਕਾਂ 8 ਹਫਤਿਆਂ ਦੇ ਅੰਤਰਾਲ ਵਿੱਚ ਦਿੱਤੀਆਂ ਜਾਂਦੀਆਂ ਹਨ।

5-11 ਸਾਲ ਦੀ ਉਮਰ ਦੇ ਬੱਚਿਆਂ ਵਿੱਚ Pfizer ਟੀਕੇ ਦੀ ਖੁਰਾਕ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਦਿੱਤੀ ਗਈ ਖੁਰਾਕ ਨਾਲੋਂ ਲੱਗਭੱਗ ਇੱਕ ਤਿਹਾਈ ਹੈ। ਇਸ ਉਮਰ ਸਮੂਹ ਵਿੱਚ ਇੱਕ ਛੋਟੀ ਖੁਰਾਕ ਦੀ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਇਹ ਬੱਚਿਆਂ ਵਿੱਚ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਦਿੱਤੀ ਗਈ ਖੁਰਾਕ ਦੇ ਬਰਾਬਰ ਉੱਚ ਪੱਧਰੀ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ।

## ਕੀ ਬੱਚਿਆਂ ਲਈ ਵੀ ਬਾਲਗਾਂ ਵਾਲੇ ਮਾੜੈ ਪ੍ਰਭਾਵ ਹੀ ਹੁੰਦੇ ਹਨ?

**ਹਾਂ।** ਬੱਚੇ COVID-19 ਦਾ ਟੀਕਾ ਲਗਵਾਉਣ ਤੋਂ ਬਾਅਦ ਬਾਲਗਾਂ ਵਾਂਗ ਹੀ ਆਮ ਮਾੜੇ ਪ੍ਰਭਾਵਾਂ ਦਾ ਅਨੁਭਵ ਕਰ ਸਕਦੇ ਹਨ।

ਇਹ ਮਾੜੇ ਪ੍ਰਭਾਵ ਆਮ ਤੌਰ 'ਤੇ ਹਲਕੇ ਹੁੰਦੇ ਹਨ ਅਤੇ ਇੱਕ ਜਾਂ ਦੋ ਦਿਨਾਂ ਬਾਅਦ ਚਲੇ ਜਾਂਦੇ ਹਨ ਅਤੇ ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਸਿਰਦਰਦ
- ਬੁਖਾਰ ਅਤੇ ਠੰਢ ਲੱਗਣੀ
- ਥਕਾਵਟ
- ਮਾਸਪੇਸ਼ੀਆਂ ਵਿੱਚ ਦਰਦ ਅਤੇ ਟੀਕੇ ਵਾਲੀ ਥਾਂ ਅਤੇ ਬਾਂਹ ਵਿੱਚ ਦਰਦ

ਮਾਮੂਲੀ ਮਾੜੇ ਪ੍ਰਭਾਵ ਆਂਮ ਹੁੰਦੇ ਹਨ ਅਤੇ ਇਹ ਦਰਸਾਉਂਦੇ ਹਨ ਕਿ ਇਮਯੂਨ ਸਿਸਟਮ ਟੀਕੇ ਦੀ ਦਵਾਈ ਨੂੰ ਜਵਾਬ ਦੇ ਰਿਹਾ ਹੈ। ਟੀਕਿਆਂ ਦੇ ਵਧੇਰੇ ਗੰਭੀਰ ਮਾੜੇ ਪ੍ਰਭਾਵ ਬਹੁਤ ਘੱਟ ਹੁੰਦੇ ਹਨ, ਉਹਨਾਂ ਹੀ ਮਾੜੇ ਪ੍ਰਭਾਵਾਂ ਦੇ ਜੋਖਮ COVID-19 ਹੋਣ ਨਾਲ ਜ਼ਿਆਦਾ ਹੁੰਦੇ ਹਨ। ਜੇ ਮਾੜੇ ਪ੍ਰਭਾਵ ਜ਼ਿਆਦਾ ਸਮੇਂ ਲਈ ਰਹਿਣ ਜਾਂ ਜੇ ਤੁਸੀਂ ਚਿੰਤਤ ਹੋ, ਤਾਂ ਆਪਣੇ ਜੀਪੀ ਨਾਲ ਗੱਲ ਕਰੋ।


© NSW Ministry of Health December 2021

## ਕੀ ਗੰਭੀਰ ਮਾੜੇ ਪ੍ਰਭਾਵਾਂ ਦੇ ਜੋਖਮ ਦਾ ਮਤਲਬ ਹੈ ਕਿ ਮੈਂਨੂੰ ਆਪਣੇ ਬੱਚੇ ਨੂੰ ਟੀਕਾ ਨਹੀਂ ਲਗਵਾਉਣਾ ਚਾਹੀਦਾ ਹੈ?

**ਨਹੀਂ।** ਆਸਟ੍ਰੇਲੀਆ ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ COVID-19 ਵੈਕਸੀਨਾਂ ਦੇ ਸੁਰੱਖਿਆ ਪ੍ਰੋਫਾਈਲ ਚੰਗੇ ਹਨ ਅਤੇ ਵਰਤੋਂ ਮਨਜ਼ੂਰੀ ਅਤੇ ਸਿਫਾਰਸ਼ ਕੀਤੇ ਜਾਣ ਤੋਂ ਪਹਿਲਾਂ ਦੀ ਥੈਰੋਪਿਉਟਿਕ ਗੁਡਜ਼ ਐਡਮਿਨਿਸਟ੍ਰੇਸ਼ਨ (TGA) ਅਤੇ ਆਸਟ੍ਰੈਲੀਅਨ ਟੈਕਨੀਕਲ ਐਡਵਾਈਜ਼ਰੀ ਗਰੁਪ ਔਨ ਇਮਯੂਨਾਈਜੇਸ਼ਨ (ATAGI) ਦੁਆਰਾ ਸਖਤੀ ਨਾਲ ਜਾਂਚ ਅਤੇ ਮੁਲਾਂਕਣ ਕੀਤਾ ਗਿਆ ਹੈ।

ਅੱਜ ਤੱਕ ਅਮਰੀਕਾ ਅਤੇ ਵਿਸ਼ਵ ਵਿੱਚਲੇ 5 ਲੱਖ ਤੋਂ ਵੱਧ 5-11 ਸਾਲ ਦੀ ਉਮਰ ਦੇ ਬੱਚੇ ਸੁਰੱਖਿਅਤ ਢੰਗ ਨਾਲ COVID-19 ਦਾ ਟੀਕਾ ਪ੍ਰਾਪਤ ਕਰ ਚੁੱਕੇ ਹਨ।

## ਕੀ COVID-19 ਟੀਕਾਕਰਨ ਮੇਰੇ ਬੱਚੇ ਦੇ ਵਿਕਾਸ, , ਪ੍ਰਗਤੀ ਜਾਂ ਭਵਿੱਖ ਦੀ ਉਪਜਾਊ ਸ਼ਕਤੀ ਨੂੰ ਪ੍ਰਭਾਵਤ ਕਰੇਗਾ?

**ਨਹੀਂ।** ਇਸ ਗਲ ਦਾ ਕੋਈ ਸਬੂਤ ਨਹੀਂ ਹੈ ਕਿ COVID-19 ਦਾ ਟੀਕਾ ਬੱਚੇ ਦੀ ਵੱਧਣ ਫੁਲਣ ਦੀ ਸ਼ਕਤੀ ਨੂੰ ਜਾਂ ਉਸ ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ।

COVID-19 ਦੇ ਲੰਬੇ ਸਮੇਂ ਦੇ ਪ੍ਰਭਾਵਾਂ ਦਾ ਸਿਹਤ ਅਤੇ ਤੰਦਰੁਸਤੀ 'ਤੇ ਸਥਾਈ ਪ੍ਰਭਾਵ ਪੈ ਸਕਦਾ ਹੈ। ਵਾਇਰਸ ਲੱਗਣ ਤੋਂ ਜਟਿਲਤਾਵਾਂ ਦਾ ਜੋਖਮ ਟੀਕਾਕਰਨ ਦੇ ਆਮ ਤੌਰ 'ਤੇ ਹਲਕੇ ਮਾੜੇ ਪ੍ਰਭਾਵਾਂ ਨਾਲੋਂ ਵੱਧ ਹੁੰਦਾ ਹੈ।

## ਜੇ ਮੇਰੇ ਬੱਚੇ ਨੂੰ COVID-19 ਹੋ ਚੁੱਕਾ ਹੈ ਤਾਂ ਕੀ ਉਸ ਨੂੰ ਟੀਕਾਕਰਨ ਕਰਵਾਉਣ ਦੀ ਲੋੜ ਹੈ?

**ਹਾਂ।** ਜਿਨ੍ਹਾਂ ਬੱਚਿਆਂ ਨੂੰ COVID-19 ਹੋ ਚੁੱਕਾ ਹੈ ਉਨ੍ਹਾਂ ਨੂੰ ਕਿਸੇ ਹੋਰ ਲਾਗ ਤੋਂ ਬਚਾਉਣ ਵਿੱਚ ਮਦਦ ਲਈ ਆਪਣੀ ਬਿਮਾਰੀ ਤੋਂ ਠੀਕ ਹੋਣ ਤੋਂ ਬਾਅਦ ਟੀਕਾਕਰਨ ਕਰਵਾਉਣਾ ਚਾਹੀਦਾ ਹੈ।

## ਕੀ ਮੇਰੀ ਆਗਿਆ ਬਗੈਰ ਮੇਰੇ ਬੱਚੇ ਦਾ ਟੀਕਾਕਰਨ ਕੀਤਾ ਜਾ ਸਕਦਾ ਹੈ?

**ਨਹੀਂ।** 5-11 ਸਾਲ ਦੀ ਉਮਰ ਦੇ ਬੱਚਿਆਂ ਨੂੰ COVID-19 ਦੀ ਖੁਰਾਕ ਦੇਣ ਲਈ ਉਨ੍ਹਾ ਦੇ ਇੱਕ ਮਾਪੇ ਜਾਂ ਕਾਨੂੰਨੀ ਸਰਪ੍ਰਸਤ ਦੀ ਆਗਿਆ ਦੀ ਲੋੜ ਹੈ।

ਬੁਕਿੰਗ ਵੇਲੇ ਅਤੇ ਦੁਬਾਰਾ ਮੁਲਾਕਾਤ ਵੇਲੇ ਸਹਿਮਤੀ ਦੀ ਲੋੜ ਹੁੰਦੀ ਹੈ। ਜੇਕਰ ਮਾਤਾ ਪਿਤਾ ਜਾਂ ਸਰਪ੍ਰਸਤ ਬੱਚੇ ਨਾਲ ਮੁਲਾਕਾਤ 'ਤੇ ਹਾਜਰ ਨਹੀਂ ਹੋ ਸਕਦੇ ਹਨ, ਤਾਂ ਉਹ ਬੁਕਿੰਗ ਪ੍ਰਕਿਰਿਆ ਦੌਰਾਨ ਔਨਲਾਈਨ ਸਹਿਮਤੀ ਨੂੰ ਪੂਰਾ ਕਰਦੇ ਹੋਏ ਆਪਣੀ ਥਾਂ 'ਤੇ ਮੁਲਾਕਾਤ ਵਿੱਚ ਹਾਜਰ ਹੋਣ ਲਈ ਕਿਸੇ ਹੋਰ ਬਾਲਗ ਨੂੰ ਨਾਮਜਦ ਕਰ ਸਕਦੇ ਹਨ।

ਬੁਕਿੰਗ ਦੌਰਾਨ ਨਾਮਜਦ ਕੀਤੇ ਗਏ ਬਾਲਗ ਦੇ ਵੇਰਵੇ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਮੁਲਾਕਾਤ ਦੇ ਦਿਨ ਉਨ੍ਹਾਂ ਦੀ ਪਛਾਣ ਅਤੇ ਪ੍ਰੌਕਸੀ ਦੁਆਰਾ ਸਹਿਮਤੀ ਦੇਣ ਦੀ ਇਜਾਜਤ ਦੀ ਪੁਸ਼ਟੀ ਕੀਤੀ ਜਾ ਸੱਕੇ।

ਆਗਿਆ ਸਬੰਧੀ ਵਧੇਰੇ ਜਾਣਕਾਰੀ ਲਈ ਇਥੇ ਜਾਓ: Vaccination consent FAQs for parents and guardians।

## ਕੀ COVID-19 ਟੀਕਾਕਰਨ ਬੱਚਿਆਂ ਲਈ ਲਾਜ਼ਮੀ ਹੈ (ਸਕੂਲ ਅਤੇ ਖੇਡਾਂ ਆਦਿ ਲਈ)?

**ਨਹੀਂ।** COVID-19 ਦੇ ਵਿਰੁਧ ਟੀਕਾਕਰਨ ਲਾਜ਼ਮੀ ਨਹੀਂ ਹੈ, ਪਰ ਇਸ ਦੀ ਪੁਰਜ਼ੋਰ ਸਿਫਾਰਸ਼ ਕੀਤੀ ਜਾਂਦੀ ਹੈ।

ਸਕੂਲ ਜਾਂ ਕਮਯੂਨਿਟੀ ਖੇਡਾਂ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਬੱਚਿਆਂ ਨੂੰ COVID-19 ਦਾ ਟੀਕਾ ਲਗਵਾਉਣ ਦੀ ਕੋਈ ਲੋੜ ਨਹੀਂ ਹੈ।

## ਕੀ ਮੇਰੇ ਬੱਚੇ  ਨੂੰ ਬੂਸਟਰ ਟੀਕਾਕਰਨ ਵੀ ਲੱਗ ਸਕਦਾ ਹੈ?

**ਨਹੀਂ।** ਇਹ ਟੀਕਾਕਰਨ ਦਾ ਪਹਿਲਾ ਕੋਰਸ ਨੌਜਵਾਨਾਂ ਵਿੱਚ ਮਜਬੂਤ ਇਮਯੂਨ ਪ੍ਰਤੀਕਿਰਿਆ ਪੈਦਾ ਕਰਦਾ ਹੈ।

ATAGI ਵਿਚਾਰ ਕਰੇਗਾ ਕਿ ਕੀ ਭਵਿੱਖ ਵਿੱਚ ਇਸ ਉਮਰ ਸਮੂਹ ਲਈ ਇੱਕ ਬੂਸਟਰ ਖੁਰਾਕ ਦੀ ਲੋੜ ਹੈ।

## ਕੀ ਬੱਚਿਆਂ ਦਾ COVID-19 ਵਿਰੁਧ ਸਕੂਲ ਵਿਖੇ ਟੀਕਾਕਰਨ ਕੀਤਾ ਜਾਵੇਗਾ?

**ਨਹੀਂ।** ਆਪਣੇ ਜੀਪੀ, ਸਥਾਨਕ ਫਾਰਮੇਸੀ ਆਦਿਵਾਸੀ ਭਾਈਚਾਰਕ ਕੰਟਰੋਲਡ ਹੈਲਥ ਸੇਵਾ ਜਾਂ ਕਿਸੇ NSW ਹੈਲਥ ਟੀਕਾਕਰਨ ਕਲੀਨਿਕ ਰਾਹੀਂ ਤੁਹਾਡੇ ਬੱਚੇ ਦੇ COVID-19 ਟੀਕਾਕਰਨ ਲਈ ਬੁਕਿੰਗ ਕਰੋ।

## ਮੈਂ ਬੁਕਿੰਗ ਕਿਵੇਂ ਕਰਾਂ?

ਮਾਪਿਆਂ ਨੂੰ ਛੇਤੀ ਤੋਂ ਛੇਤੀ ਆਪਣੇ ਬੱਚੇ ਲਈ ਟੀਕਾਕਰਨ ਦੀ ਮੁਲਾਕਾਤ ਬੁੱਕ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

**ਹੁਣੇ ਹੀ ਆਨਲਾਈਨ  ਬੁੱਕ ਕਰੋ** - www.nsw.gov.au/COVID-19/vaccination/get-vaccinated

**ਬੁੱਕ ਕਰਨ ਲਈ ਕਾਲ ਕਰੋ:** ਬੁਕਿੰਗ ਹੈਲਪਲਾਈਨ ਨੂੰ 1800 57 11 55 /ਟਰਾਂਸਲੇਟਿੰਗ ਐਂਡ ਇੰਟਰਪਰੈਟਿੰਗ ਸੇਵਾ (TIS) ਨੂੰ 131 450 ਤੇ


© NSW Ministry of Health December 2021